Dhiman bp 17:27
to Bhagwant, Ha... ^

From Dhiman bp • dhimanbp1977@gmail.com
To Bhagwant Mann CM Punjab • cmo@punjab.gov.in
Cc Harjot Singh Bains • harjotsinghbains@gmail.com
Bcc cs@punjab.gov.in
Date Apr 16, 2024, 17:27
View security details

ਸੇਵਾ ਵਿਖੇ
ਮਾਣਯੋਗ ਸ: ਭਗਵੰਤ ਸਿੰਘ ਮਾਨ,
ਮੁੱਖ ਮੰਤਰੀ, ਪੰਜਾਬ,
ਚੰਡੀਗੜ।

ਵਿਸ਼ਾ : ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਤੇ ਜ਼ਿਲ੍ਹਾ/ਪਬਲਿਕ ਲਾਇਬ੍ਰੇਰੀਆਂ ਵਿਖੇ ਲਾਇਬ੍ਰੇਰੀਅਨਜ਼ ਦੀਆਂ ਖਾਲੀ ਅਸਾਮੀਆਂ ਰੈਗੂਲਰ ਆਧਾਰ ਤੇ ਭਰਨ ਸਬੰਧੀ।

ਸ੍ਰੀ ਮਾਨ ਜੀ,

ਨਿਮਰਤਾ ਸਹਿਤ ਬੇਨਤੀ ਹੈ ਕਿ ਪਿਛਲੇ ਤਕਰੀਬਨ 25 ਸਾਲਾਂ ਵਿੱਚ ਰੈਗੂਲਰ ਭਰਤੀ ਨਾਂ ਹੋਣ ਕਾਰਨ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਤੇ 14 ਜ਼ਿਲ੍ਹਾ/ਪਬਲਿਕ ਲਾਇਬ੍ਰੇਰੀਆਂ ਵਿਖੇ ਬਹੁਗਿਣਤੀ ਵਿੱਚ ਲਾਇਬ੍ਰੇਰੀਅਨਜ਼ ਦੀਆਂ ਅਸਾਮੀਆਂ ਖਾਲੀ ਹਨ, ਜਿਸ ਕਾਰਨ ਪਾਠਕਾਂ ਨੂੰ ਲਾਇਬ੍ਰੇਰੀ ਸੇਵਾਂਵਾਂ ਪ੍ਰਦਾਨ ਕਰਨ ਵਿੱਚ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ। ਐਸੋਸੀਏਸ਼ਨ ਜ਼ਿਲ੍ਹਾ/ ਪਬਲਿਕ ਲਾਇਬ੍ਰੇਰੀਆਂ ਵਿਖੇ ਲਾਇਬ੍ਰੇਰੀਅਨਜ਼

Scanned with OKEN Scanner

ਦੀਆਂ ਖਾਲੀ ਅਸਾਮੀਆਂ ਸਬੰਧੀ ਹੇਠ ਲਿਖੇ ਤੱਥ ਆਪ ਜੀ ਦੇ ਧਿਆਨ ਵਿਚ ਲਿਆਉਣਾ ਚਾਹੁੰਦੀ ਹੈ :

1. ਇਸ ਸਮੇਂ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਤੇ ਜ਼ਿਲ੍ਹਾ/ ਪਬਲਿਕ ਲਾਇਬ੍ਰੇਰੀਆਂ ਵਿਖੇ ਲਾਇਬ੍ਰੇਰੀਅਨ ਦੀਆਂ ਕੁੱਲ ਪ੍ਰਵਾਨਤ ਅਸਾਮੀਆਂ ਦੀ ਗਿਣਤੀ 28 ਹੈ, ਜਿਨ੍ਹਾਂ ਵਿੱਚੋਂ 7 ਅਸਾਮੀਆਂ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਅਤੇ 21 ਅਸਾਮੀਆਂ 14 ਜ਼ਿਲ੍ਹਾ/ ਪਬਲਿਕ ਲਾਇਬ੍ਰੇਰੀਆਂ ਵਿਖੇ ਪ੍ਰਵਾਨਤ ਹਨ। ਬਾਕੀ ਰਹਿੰਦੇ 09 ਜ਼ਿਲ੍ਹੇਆਂ ਵਿੱਚ ਪੰਜਾਬ ਸਰਕਾਰ ਵੱਲੋਂ ਚਾਲੂ ਸਾਲ ਵਿੱਚ ਨਵੀਆਂ ਜ਼ਿਲ੍ਹਾ/ਪਬਲਿਕ ਲਾਇਬ੍ਰੇਰੀਆਂ ਖੋਲ੍ਹੀਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਲਾਇਬ੍ਰੇਰੀਆਂ ਵਿੱਚ ਪੰਜਾਬ ਸਰਕਾਰ ਵੱਲੋਂ ਲਾਇਬ੍ਰੇਰੀਅਨਜ਼ ਦੀਆਂ ਘੱਟੋ ਘੱਟ 09 ਨਵੀਆਂ ਅਸਾਮੀਆਂ ਦੀ ਰਚਨਾ ਕੀਤੀ ਜਾਣੀ ਬਣਦੀ ਹੈ।

2. ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਵਿਖੇ ਇਸ ਸਮੇਂ ਲਾਈਬ੍ਰੇਰੀਅਨਜ਼ ਦੀਆਂ 07 ਪ੍ਰਵਾਨਤ ਅਸਾਮੀਆਂ ਵਿੱਚੋ ਸਾਰੀਆਂ ਹੀ ਖਾਲੀ ਹਨ। ਇਸੇ ਤਰ੍ਹਾਂ 14 ਜ਼ਿਲ੍ਹਾ ਲਾਇਬ੍ਰੇਰੀਆਂ ਵਿੱਚੋਂ ਕੇਵਲ 02 ਜ਼ਿਲ੍ਹਾ ਲਾਇਬ੍ਰੇਰੀਆਂ ਰੋਪੜ ਤੇ ਮੋਹਾਲੀ ਵਿਖੇ ਯੂ.ਸੀ.ਜੀ. ਗਰੇਡ ਲੈਣ ਵਾਲੇ ਕਾਲਜ ਲਾਇਬ੍ਰੇਰੀਅਨ ਤਾਇਨਾਤ ਹਨ ਅਤੇ ਬਾਕੀ 12 ਜ਼ਿਲ੍ਹਾ ਲਾਇਬ੍ਰੇਰੀਆਂ ਦਾ ਵਾਧੂ ਚਾਰਜ ਨਜ਼ਦੀਕ ਦੇ ਕਾਲਜ ਲਾਇਬ੍ਰੇਰੀਅਨ/ਜ਼ਿਲ੍ਹਾ ਭਾਸ਼ਾ ਅਫ਼ਸਰ ਨੂੰ ਦੇ ਕੇ ਕੰਮ ਚਲਾਇਆ ਜਾ ਰਿਹਾ ਹੈ।

3. ਇਸ ਸਮੇਂ ਕਾਲਜ ਲਾਇਬ੍ਰੇਰੀਅਨ ਅਤੇ ਜ਼ਿਲ੍ਹਾ ਲਾਇਬਰੇਰੀਅਨ ਦਾ ਸਾਂਝਾ ਕਾਡਰ ਹੈ ਅਤੇ ਅਜੇ ਤੱਕ ਜ਼ਿਲ੍ਹਾ ਲਾਇਬ੍ਰੇਰੀਅਨ ਦੇ ਕਾਡਰ ਵਿੱਚ ਕੋਈ ਭਰਤੀ ਪੰਜਾਬ ਸਰਕਾਰ ਵੱਲੋਂ ਨਹੀਂ ਕੀਤੀ ਗਈ । ਪੰਜਾਬ ਦੇ ਚੌਥੇ ਤਨਖਾਹ ਕਮਿਸ਼ਨ ਵੱਲੋਂ ਆਪਣੀ ਰਿਪੋਰਟ Volume II (ਅਕਤੂਬਰ, 1997) ਦੇ ਪੈਰਾ 58.4 ਵਿੱਚ ਕਾਲਜ ਲਾਇਬ੍ਰੇਰੀਅਨ ਤੇ ਜ਼ਿਲ੍ਹਾ ਲਾਈਬ੍ਰੇਰੀਅਨ ਦਾ ਕਾਡਰ ਵੱਖਰਾ ਕਰਨ ਦੀ ਸਿਫਾਰਿਸ਼ ਕੀਤੀ ਗਈ ਸੀ। ਇਸ ਲਈ ਇਸ ਕਾਡਰ ਵਿੱਚ ਨਵੀਂ ਭਰਤੀ ਜ਼ਿਲ੍ਹਾ ਲਾਈਬ੍ਰੇਰੀਅਨ ਦਾ ਕਾਡਰ ਕਾਲਜ ਲਾਇਬਰੇਰੀਅਨ ਨਾਲੋਂ ਵੱਖਰਾ ਕਰਨ ਉਪਰੰਤ ਹੀ ਕੀਤੀ ਜਾ ਸਕਦੀ ਹੈ, ਜਿਸ ਸਬੰਧੀ ਪੰਜਾਬ ਸਰਕਾਰ, ਉਚੇਰੀ ਸਿੱਖਿਆ ਵਿਭਾਗ ਵੱਲੋਂ ਫੈਸਲਾ ਲਿਆ ਜਾਣਾ ਅਜੇ ਬਾਕੀ ਹੈ।

Scanned with OKEN Scanner

4. ਪੰਜਾਬ ਸਰਕਾਰ, ਵਿੱਤ ਵਿਭਾਗ ਦੀ ਨੋਟੀਫ਼ਿਕੇਸ਼ਨ ਨੰ: 7/1/97-F.P.1./7370, ਮਿਤੀ 19-05-1998 ਅਨੁਸਾਰ ਮਿਤੀ 01-01-1996 ਤੋਂ ਜ਼ਿਲ੍ਹਾ ਲਾਇਬ੍ਰੇਰੀਅਨ ਦੀ ਅਸਾਮੀ ਦਾ ਤਨਖਾਹ ਸਕੇਲ 5800-9200 ਰੁ: ਅਤੇ ਮਿਤੀ 01-01-2006 ਤੋਂ ਵਿੱਤ ਵਿਭਾਗ ਦੀ ਨੋਟੀਫ਼ਿਕੇਸ਼ਨ ਮਿਤੀ 27-05-2009 ਦੇ General Conversion Table ਅਨੁਸਾਰ 10300-34800 ਰੁ: +3800 ਗਰੇਡ ਪੇ (Initial Pay :14590) ਦਿੱਤਾ ਗਿਆ ਹੈ। ਵਿੱਤ ਵਿਭਾਗ ਦੇ ਪੱਤਰ ਮਿਤੀ 17-07-2020 ਅਨੁਸਾਰ ਨਵੀਂ ਭਰਤੀ ਲਈ ਇਸ ਅਸਾਮੀ ਲਈ Minimum Admissible Pay 35,400 ਰੁ: ਬਣਦੀ ਹੈ।

5. ਪੰਜਾਬ ਸਰਕਾਰ ਦੀਆਂ ਸੇਵਾਂਵਾਂ ਦੇ ਵਰਗੀਕਰਨ ( Classification of Services) ਸਬੰਧੀ ਮੌਜੂਦਾ ਹਦਾਇਤਾਂ ਅਨੁਸਾਰ ਜ਼ਿਲ੍ਹਾ ਲਾਇਬ੍ਰੇਰੀਅਨ ਦੀ ਅਸਾਮੀ 'ਗਰੁੱਪ- ਬੀ' ਵਿੱਚ ਆਉਂਦੀ ਹੈ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਹ ਅਸਾਮੀ Punjab Subordinate Services Selection Board (PSSSB) ਰਾਹੀਂ ਸਿੱਧੀ ਭਰਤੀ ਰਾਹੀਂ ਭਰਨ ਯੋਗ ਹੈ।

ਉਪਰੋਕਤ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਐਸੋਸੀਏਸ਼ਨ ਆਪ ਜੀ ਦੀ ਸੇਵਾ ਵਿੱਚ ਪੁਰਜ਼ੋਰ ਬੇਨਤੀ ਕਰਦੀ ਹੈ ਕਿ ਪੰਜਾਬ ਸਰਕਾਰ ਵੱਲੋਂ 09 ਨਵੀਆਂ ਖੋਲ੍ਹੀਆਂ ਜਾ ਰਹੀਆਂ ਜ਼ਿਲ੍ਹਾ ਲਾਇਬ੍ਰੇਰੀਆਂ ਲਈ ਘੱਟੋ ਘੱਟ 09 ਨਵੀਆਂ ਲਾਇਬ੍ਰੇਰੀਅਨਜ਼ ਦੀਆਂ ਅਸਾਮੀਆਂ ਦੀ ਰਚਨਾ ਕੀਤੀ ਜਾਵੇ ਅਤੇ ਸੈਂਟਰਲ ਸਟੇਟ ਲਾਇਬ੍ਰੇਰੀ, ਪਟਿਆਲਾ ਤੇ ਪੰਜਾਬ ਦੀਆਂ 23 ਜ਼ਿਲ੍ਹਾ/ ਪਬਲਿਕ ਲਾਇਬ੍ਰੇਰੀਆਂ ਵਿੱਚ ਪਾਠਕਾਂ ਨੂੰ ਲਾਇਬ੍ਰੇਰੀ ਸੇਵਾਂਵਾਂ ਸੁਚਾਰੂ ਢੰਗ ਨਾਲ ਪ੍ਰਦਾਨ ਕਰਨ ਲਈ ਜ਼ਿਲ੍ਹਾ ਲਾਈਬ੍ਰੇਰੀਅਨਜ਼ ਦੀਆਂ 37(28+09) ਅਸਾਮੀਆਂ 35,400 ਰੁ: ਦੇ ਪੇ ਸਕੇਲ ਵਿੱਚ ਰੈਗੂਲਰ ਆਧਾਰ ਤੇ ਭਰਨ ਦੀ ਕਿਰਪਾਲਤਾ ਕੀਤੀ ਜਾਵੇ ਜੀ।
ਧੰਨਵਾਦ ਸਹਿਤ,

ਆਪ ਜੀ ਦਾ ਵਿਸ਼ਵਾਸਪਾਤਰ,

Hide quoted text

ਬਰਜਿੰਦਰ ਪਾਲ ਧੀਮਾਨ, ਪ੍ਰਧਾਨ, ਪੰਜਾਬ ਕਾਲਜ ਲਾਇਬ੍ਰੇਰੀਅਨਜ਼ ਐਸੋਸੀਏਸ਼ਨ (ਪੀ.ਸੀ.ਐਲ.ਏ.)
ਮੋਬਾਈਲ : 97797-61939
ਈ- ਮੇਲ: dhimanbp1977@gmail.com

Scanned with OKEN Scanner